## 3. ਪੰਜਾਬ ਦਾ ਪੰਜਾਬੀ ਅਤੇ ਹੋਰ ਭਾਸ਼ਾਵਾਂ ਦੀ ਸਿਖਿਆ ਲਈ ਐਕਟ, 2008

(2008 ਦਾ ਪੰਜਾਬ ਐਕਟ ਨੰਬਰ 25 )

(ਪੰਜਾਬ ਦੇ ਰਾਜ ਪਾਲ ਦੀ 10 ਅਕਤੂਬਰ, 2008 ਨੂੰ ਮਨਜ਼ੂਰੀ ਪ੍ਰਾਪਤ ਹੋਣ ਤੇ ਪਹਿਲੀ ਵਾਰ ਪੰਜਾਬ ਸਰਕਾਰ ਦੇ ਗਜ਼ਟ (ਅਤੀ-ਵਿਸ਼ੇਸ਼ ) ਵਿਚ 22 ਅਕਤੂਬਰ, 2008 ਨੂੰ ਛਪਿਆ)

ਪਹਿਲੀ ਤੋਂ ਦਸਵੀਂ ਜਮਾਤ ਵਿਚ ਪੜ੍ਹ ਰਹੇ ਸਾਰੇ ਵਿਦਿਆਰਥੀਆਂ ਨੂੰ ਪੰਜਾਬੀ ਲਾਜ਼ਮੀ ਭਾਸ਼ਾ ਦੇ ਤੌਰ ਤੇ ਸਿੱਖਣ, ਅਤੇ ਹੋਰ ਭਾਸ਼ਾਵਾਂ ਨੂੰ ਵੀ ਸਿੱਖਣ ਲਈ, ਅਤੇ ਉਹਨਾਂ ਨਾਲ ਸੰਬੰਧਤ ਜਾਂ ਉਹਨਾਂ ਨਾਲ ਅਨੁਸੰਗਤ ਮਾਮਲਿਆਂ ਦੀ ਵਿਵਸਥਾ ਕਰਨ ਲਈ ਕਾਨੂੰਨ !

ਭਾਰਤੀ ਗਣਰਾਜ ਦੇ 59 ਵੇਂ ਸਾਲ ਵਿਚ ਪੰਜਾਬ ਰਾਜ ਦੇ ਵਿਧਾਨ-ਮੰਡਲ ਦੁਆਰਾ ਹੇਠ ਲਿਖੇ ਅਨੁਸਾਰ ਇਹ ਕਾਨੂੰਨ ਬਣੇ:-

**1. ਸੰਖੇਪ ਨਾਂ ਅਤੇ ਆਰੰਭ-**

(੧) ਇਸ ਐਕਟ ਨੂੰ ਪੰਜਾਬ ਦਾ ਪੰਜਾਬੀ ਅਤੇ ਹੋਰ ਭਾਸ਼ਾਵਾਂ ਦੀ ਸਿਖਿਆ ਲਈ ਐਕਟ, 2008 ਕਿਹਾ ਜਾ ਸਕੇਗਾ !

(2) ਇਹ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗਾ !

**2. ਪਰਿਭਾਸ਼ਾਵਾਂ**.-ਇਸ ਐਕਟ ਵਿਚ, ਜੇਕਰ ਪ੍ਰਸੰਗ ਹੋਰਵੇਂ ਨਾਂ ਲੋੜੇ-

( **ਏ** ) "**ਵਿਦਿਅਕ ਸਾਲ** " ਦਾ ਮਤਲਬ ਹੈ ਹਰ ਵਰ੍ਹੇ ਪਹਿਲੀ ਅਪ੍ਰੈਲ ਤੋਂ ਸ਼ੁਰੂ ਹੋਣ ਵਾਲਾ ਸਾਲ

(**ਬੀ**) "**ਬੋਰਡ ਜਾਂ ਸੰਸਥਾ**" ਦਾ ਮਤਲਬ ਹੈ ਦਸਵੀਂ ਪਾਸ ਦਾ ਸਰਟੀਫਿਕੇਟ ਦੇਣ ਲਈ ਸਰਕਾਰ ਦੁਆਰਾ ਕਿਸੇ ਕਾਨੂੰਨ ਜਾਂ ਹੁਕਮ ਰਾਂਹੀ ਸ਼ਕਤੀ ਪ੍ਰਾਪਤ ਅਥਾਰਟੀ

(**ਸੀ**) "**ਸਮਰੱਥ ਅਥਾਰਟੀ**" ਦਾ ਮਤਲਬ ਹੈ ਇਸ ਐਕਟ ਦੀ ਧਾਰਾ 6 ਤਹਿਤ ਮੁਕਰਰ ਅਥਾਰਟੀ

( **ਡੀ** ) "**ਮੁਕਰਰ** " ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕਰਰ

( **ਈ** ) "**ਸਕੂਲ**" ਦਾ ਮਤਲਬ ਹੈ ਰਾਜ ਸਰਕਾਰ, ਜਾਂ ਸਥਾਨਕ ਸੰਸਥਾ, ਜਾਂ ਪੰਚਾਇਤ ਜਾਂ ਸਭਾ ਜਾਂ ਟ੍ਰਸਟ ਵਲੋਂ ਸਥਾਪਤ ਅਤੇ ਚਲਾਇਆ ਜਾ ਰਿਹਾ ਕੋਈ ਪ੍ਰਾਇਮਰੀ ਸਕੂਲ, ਮਿਡਲ ਸਕੂਲ,ਹਾਈ ਸਕੂਲ ਜਾਂ ਹਾਇਰ ਸਕੈਂਡਰੀ ਸਕੂਲ ਜਾਂ ਕੋਈ ਹੋਰ ਅਜਿਹਾ ਸਕੂਲ ਜਿਸ ਨੂੰ ਰਾਜ ਸਰਕਾਰ ਦੁਆਰਾ ਸਮੇ ਸਮੇ ਅਧਿਸੂਚਿਤ ਕੀਤਾ ਗਿਆ ਹੋਵੇ

( **ਐਫ** ) " **ਸੈਕਸ਼ਨ**" ਦਾ ਮਤਲਬ ਹੈ ਇਸ ਐਕਟ ਦੀ ਕੋਈ ਧਾਰਾ

(**ਜੀ** ) "**ਸਭਾ**" ਦਾ ਮਤਲਬ ਹੈ ਸਭਾਵਾਂ ਪੰਜੀਕਰਣ ਐਕਟ , 1860 (1860 ਦਾ ਕੇਂਦਰੀ ਐਕਟ ਨੰਬਰ 21) ਦੇ ਤਹਿਤ ਪੰਜੀਕ੍ਰਿਤ ਸਭਾ

(**ਐਚ**) "**ਰਾਜ ਸਰਕਾਰ**" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ; ਅਤੇ

(**ਆਈ**) "**ਟ੍ਰਸਟ**" ਦਾ ਮਤਲਬ ਹੈ ਭਾਰਤੀ ਟ੍ਰਸਟ ਐਕਟ, 1882 (1882 ਦਾ ਕੇਂਦਰੀ ਐਕਟ ਨੰਬਰ 2 ) ਦੇ ਅਧੀਨ ਪੰਜੀਕ੍ਰਿਤ ਟ੍ਰਸਟ

**3 . ਪੰਜਾਬੀ ਦੀ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਾਈ:** (1) ਵਿਦਿਅਕ ਸਾਲ 2009-10 ਤੋਂ ਹਰ ਸਕੂਲ ਵਿਚ ਪਹਿਲੀ ਜਮਾਤ ਤੋਂ ਦਸਵੀਂ ਜਮਾਤ ਤਕ ਪੰਜਾਬੀ ਇਕ ਲਾਜ਼ਮੀ ਵਿਸ਼ੇ ਦੇ ਰੂਪ ਵਿਚ ਪੜ੍ਹਾਈ ਜਾਵੇਗੀ

(2) ਕੋਈ ਵੀ ਬੋਰਡ ਜਾਂ ਸੰਸਥਾ ਕਿਸੇ ਵਿਦਿਆਰਥੀ ਨੂੰ, ਜੇਕਰ ਉਹ ਦਸਵੀਂ ਜਮਾਤ ਦਾ ਇਮਤਿਹਾਨ ਪੰਜਾਬੀ ਵਿਸ਼ੇ ਵਿਚ ਪਾਸ ਨਹੀਂ ਕਰ ਲੈਂਦਾ, ਮੈਟ੍ਰਿਕ ਦਾ ਸਰਟੀਫਕੇਟ ਪ੍ਰਦਾਨ ਨਹੀਂ ਕਰਨਗੇ !

**4. ਹਿੰਦੀ ਦੀ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਾਈ** -ਵਿਦਿਅਕ ਸਾਲ 2009-10 ਤੋਂ ਤੀਜੀ ਤੋਂ ਅੱਠਵੀਂ ਜਮਾਤ ਤਕ ਹਰ ਸਕੂਲ ਵਿਚ ਹਿੰਦੀ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਾਈ ਜਾਵੇਗੀ !

**5. ਅੰਗਰੇਜ਼ੀ ਦੀ ਪੜ੍ਹਾਈ**- ਧਾਰਾ 3 ਜਾਂ 4 ਵਿਚ ਕੁਝ ਵੀ ਲਿਖਿਆ ਹੋਣ ਦੇ ਬਾਵਜੂਦ, ਕਿਸੇ ਵੀ ਸਕੂਲ ਦੁਆਰਾ ਅੰਗਰੇਜ਼ੀ ਦੀ ਪੜ੍ਹਾਈ ਤੇ ਕੋਈ ਪਾਬੰਦੀ ਨਹੀਂ ਹੋਵੇਗੀ !

**6. ਸਮਰੱਥ ਅਥਾਰਟੀ**-(1) ਰਾਜ ਸਰਕਾਰ, ਸਰਕਾਰੀ ਗਜ਼ਟ ਵਿਚ ਪ੍ਰਕਾਸ਼ਿਤ ਕਰ ਕੇ, ਸਕੂਲ ਸਿਖਿਆ ਵਿਭਾਗ ਦੇ ਕਿਸੇ ਵੀ ਅਧਿਕਾਰੀ ਨੂੰ, ਜਿਸਦਾ ਅਹੁਦਾ ਜ਼ਿਲਾ ਸਿਖਿਆ ਅਧਿਕਾਰੀ ਤੋਂ ਥੱਲੇ ਨਾਂ ਹੋਵੇ, ਇਸ ਐਕਟ , ਅਤੇ ਇਸ ਦੇ ਅਧੀਨ ਬਣੇ ਕਿਸੇ ਨਿਯਮ ਦੀਆਂ ਵਿਵਸਥਾਵਾਂ ਨੂੰ, ਨੇਪਰੇ ਚਾੜ੍ਹਨ ਲਈ, ਸਮਰੱਥ ਅਥਾਰਟੀ ਨਿਯੁਕਤ ਕਰ ਸਕੇਗਾ !

(2) ਸਮਰੱਥ ਅਥਾਰਟੀ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗੀ , ਅਤੇ ਅਜਿਹੇ ਕਾਰਜਾਂ ਦਾ ਨਿਰਵਾਹ ਕਰ ਸਕੇਗੀ, ਜਿਹੜੇ ਇਸ ਐਕਟ ਦੀਆਂ ਵਿਵਸਥਾਵਾਂ ਨੂੰ ਲਾਗੂ ਕਰਣ ਲਈ ਤਜਵੀਜ਼ ਕੀਤੇ ਗਏ ਹੋਣ !

**7. ਛੋਟਾ ਦੇਣ ਦੇ ਸ਼ਕਤੀ**.-ਰਾਜ ਸਰਕਾਰ, ਸਾਧਾਰਣ ਜਾਂ ਵਿਸ਼ੇਸ਼ ਹੁਕਮ ਰਾਹੀ,ਜਿਸ ਨੂੰ ਸਰਕਾਰੀ ਗਜ਼ਟ ਵਿਚ ਪ੍ਰਕਾਸ਼ਿਤ ਕੀਤਾ ਜਾਵੇਗਾ, ਅਜਿਹੀਆਂ ਸ਼ਰਤਾਂ ਦੇ ਅਧੀਨ, . ਜੋ ਉਚਿਤ ਪ੍ਰਤੀਤ ਹੋਣ, ਕਿਸੇ ਵੀ ਜਮਾਤ ਜਾਂ ਸ਼੍ਰੇਣੀ ਨੂੰ ਇਸ ਐਕਟ ਦੀਆਂ ਸਾਰੀਆਂ ਜਾਂ ਕੁਝ ਵਿਵਸਥਾਵਾਂ ਤੋਂ ਛੋਟ ਦੇ ਸਕੇਗੀ !

**8. ਦੰਡ .-**(1)ਕੋਈ ਵੀ ਸਕੂਲ, ਜੋ ਇਸ ਐਕਟ ਜਾਂ ਇਸ ਐਕਟ ਦੇ ਅਧੀਨ ਬਣਾਏ ਨਿਯਮਾਂ ਦੀ ਪਹਿਲੀ ਵਾਰ ਇਕ ਮਹੀਨੇ ਤਕ ਉਲੰਘਣਾਂ ਕਰਦਾ ਹੈ, 25 ਹਜ਼ਾਰ ਰੁਪਏ ਦੇ ਦੰਡ ਦਾ ਭਾਗੀ ਹੋਵੇਗਾ :

ਪਰੰਤੂ ਜੇਕਰ ਅਜਿਹਾ ਸਕੂਲ ਦੂਜੀ ਵਾਰ ਇਸ ਐਕਟ ਜਾਂ ਇਸ ਐਕਟ ਦੇ ਅਧੀਨ ਬਣਾਏ ਨਿਯਮਾਂ ਦੀ ਇਕ ਮਹੀਨੇ ਤਕ ਉਲੰਘਣਾਂ ਕਰਦਾ ਹੈ, ਤਾਂ ਉਹ 50 ਹਜ਼ਾਰ ਰੁਪਏ ਦੇ ਦੰਡ ਦਾ ਭਾਗੀ ਹੋਵੇਗਾ:

ਪਰੰਤੂ ਇਹ ਹੋਰ ਕਿ ਜੇ ਅਜਿਹਾ ਸਕੂਲ ਤੀਜੀ ਵਾਰ ਜਾਂ ਉਸ ਤੋਂ ਬਾਅਦ ਵੀ ਇਸ ਐਕਟ ਜਾਂ ਇਸ ਐਕਟ ਦੇ ਅਧੀਨ ਬਣਾਏ ਨਿਯਮਾਂ ਦੀ ਇਕ ਮਹੀਨੇ ਤਕ ਉਲੰਘਣਾਂ ਕਰਦਾ ਹੈ, ਤਾਂ ਉਹ ਇਕ ਲੱਖ ਰੁਪਏ ਦੇ ਦੰਡ ਦਾ ਭਾਗੀ ਹੋਵੇਗਾ !

(2) ਜੇਕਰ ਅਜਿਹਾ ਸਕੂਲ ਇਸ ਐਕਟ ਜਾਂ ਇਸ ਐਕਟ ਦੇ ਅਧੀਨ ਬਣਾਏ ਨਿਯਮਾਂ ਦੀ ਇਕ ਸਾਲ ਤੋਂ ਵੱਧ ਸਮੇ ਤਕ ਉਲੰਘਣਾਂ ਕਰਦਾ ਰਹਿੰਦਾ ਹੈ, ਤਾਂ ਰਾਜ ਸਰਕਾਰ,ਬੋਰਡ ਜਾਂ ਸੰਸਥਾ ਨੂੰ, ਜਿਸ ਨਾਲ ਸਕੂਲ ਸਬੰਧਤ ਹੋਵੇ, ਜਿਹਾ ਮਾਮਲਾ ਹੋਵੇ, ਸਕੂਲ ਦੇ ਸਬੰਧਨ ਨੂੰ ਤੋੜਨ ਲਈ ਹਦਾਇਤ ਦੇ ਸਕੇਗਾ !

(੩) ਉਪ-ਧਾਰਾ (੧) ਵਿਚ ਮੁਕਰਰ ਕੋਈ ਵੀ ਦੰਡ, ਸਬੰਧਤ ਸਕੂਲ ਨੂੰ ਸੁਣਵਾਈ ਦਾ ਮੌਕਾ ਦਿਤੇ ਬਗੈਰ ਨਹੀਂ ਲਗਾਇਆ

ਜਾਵੇਗਾ !

**9. ਦੰਡ ਦੀ ਭੂਮੀ ਦੇ ਲਗਾਨ ਦੇ ਬਕਾਏ ਦੇ ਰੂਪ ਵਿਚ ਵਸੂਲੀ**- ਇਸ ਐਕਟ ਅਧੀਨ ਲਗਾਇਆ ਕੋਈ ਵੀ ਦੰਡ ਭੂਮੀ ਲਗਾਨ ਦੇ ਰੂਪ ਵਿਚ ਵਸੂਲਣ ਯੋਗ ਹੋਵੇਗਾ !

**10 . ਨੇਕ ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਓ**-ਇਸ ਐਕਟ ਅਧੀਨ ਜਾਂ ਇਸ ਅਧੀਨ ਬਣਾਏ ਗਏ ਕਿਸੇ ਨਿਯਮ ਅਧੀਨ ਨੇਕ ਨੀਤੀ ਨਾਲ ਕੀਤੀ ਗਈ ਜਾਂ ਚਿਤਵਤ ਕਿਸੇ ਗੱਲ ਲਈ ਰਾਜ ਸਰਕਾਰ, ਸਮਰੱਥ ਅਥਾਰਟੀ,ਜਾਂ ਰਾਜ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੇ ਵਿਰੁੱਧ ਕੋਈ ਦਾਵਾ, ਇਸਤਗਾਸਾ ਜਾਂ ਕੋਈ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ !

**11. ਐਕਟ ਦਾ ਪਰਮ ਪ੍ਰਭਾਵੀ ਹੋਣਾ**-ਇਸ ਐਕਟ ਵਿਚਲੇ ਹੋਰ ਤਰਾਂ ਦੇ ਉਪ-ਬੰਧਾਂ ਨੂੰ ਛੱਡ ਕੇ, ਇਸ ਐਕਟ ਦੇ ਉਪ-ਬੰਧਾਂ ,ਜਾਂ ਤਿਨ੍ਹਾਂ ਦੇ ਅਧੀਨ ਬਣਾਏ ਗਏ ਨਿਯਮ, ਪੰਜਾਬ ਵਿਧਾਨ-ਮੰਡਲ ਦੁਆਰਾ ਬਣਾਏ ਕਿਸੇ ਵੀ ਹੋਰ ਕਾਨੂੰਨ ਦੇ ਉਪ-ਬੰਧਾਂ ਦੇ ਬਾਵਜੂਦ, ਪ੍ਰਭਾਵੀ ਹੋਣਗੇ !

**12. ਨਿਯਮ ਬਣਾਉਣ ਦੀ ਸ਼ਕਤੀ-(੧)** ਰਾਜ ਸਰਕਾਰ, ਇਸ ਐਕਟ ਦੇ ਉਪ-ਬੰਧਾਂ ਨੂੰ ਸਿਰੇ ਚਾੜ੍ਹਨ ਲਈ, ਸਰਕਾਰੀ ਗਜ਼ਟ ਵਿਚ ਅਧਿਸੂਚਨਾਂ ਦੁਆਰਾ, ਨਿਯਮ ਬਣਾ ਸਕੇਗੀ !

**(2)** ਇਸ ਐਕਟ ਅਧੀਨ ਬਣਾਇਆ ਹਰੇਕ ਨਿਯਮ , ਉਸ ਦੇ ਬਣਾਏ ਜਾਣ ਪਿੱਛੋਂ, ਰਾਜ ਦੀ ਵਿਧਾਨ ਪਾਲਿਕਾ ਅੱਗੇ, ਜੇਕਰ ਉਸ ਦਾ ਇਜਲਾਸ ਚੱਲ ਰਿਹਾ ਹੋਵੇ, ਦਸ ਦਿਨਾਂ ਦੀ ਕੁਲ ਮੁੱਦਤ ਲਈ ਰੱਖਿਆ ਜਾਵੇਗਾ , ਜੋ ਇਕ ਇਜਲਾਸ ਵਿਚ, ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ,ਅਤੇ ਜੇਕਰ ਉਸ ਇਜਲਾਸ, ਜਿਸ ਵਿਚ ਨਿਯਮ ਰੱਖਿਆ ਗਿਆ,ਜਾਂ ਕ੍ਰਮਵਰਤੀ ਇਜਲਾਸ, ਜਿਹਾ ਉਪਰੋਕਤ ਕਿਹਾ ਗਿਆ ਹੈ, ਦੀ ਸਮਾਪਤੀ ਤੋਂ ਪਹਿਲਾਂ,ਜੇਕਰ ਸਦਨ ਨਿਯਮ ਵਿਚ ਕੋਈ ਸੋਧ ਕਰਨ ਲਈ ਸਹਿਮਤ ਹੋ ਜਾਵੇ, ਜਾਂ ਸਦਨ ਸਹਿਮਤ ਹੋ ਜਾਵੇ ਕਿ ਨਿਯਮ ਨਾਂ ਬਣਾਇਆ ਜਾਵੇ, ਤਾਂ ਉਹ ਨਿਯਮ, ਉਸ ਤੋਂ ਪਿੱਛੋਂ, ਕੇਵਲ ਅਜਿਹੇ ਸੋਧੇ ਰੂਪ ਵਿਚ ਪ੍ਰਭਾਵੀ ਹੋਵੇਗਾ, ਜਾਂ ਨਿਸ਼ ਪ੍ਰਭਾਵੀ ਹੋਵੇਗਾ , ਜਿਹੀ ਕਿ ਸੂਰਤ ਹੋਵੇ, ਪਰੰਤੂ ਅਜਿਹੀ ਕੋਈ ਵੀ ਸੋਧ ਜਾਂ ਨਿਰਸਤਤਾ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ !

**13. ਕਠਿਨਾਈਆਂ ਦੂਰ ਕਰਨ ਦੀ ਸ਼ਕਤੀ**-ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿਚ ਕਠਿਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿਚ ਪ੍ਰਕਾਸ਼ਤ ਹੁਕਮ ਦੁਆਰਾ , ਅਜਿਹੇ ਉਪਬੰਧ ਕਰ ਸਕੇਗੀ, ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾਂ ਹੋਣ, ਅਤੇ ਜੋ ਉਸ ਕਠਿਨਾਈ ਨੂੰ ਦੂਰ ਕਰਨ ਲਈ ਉਸਨੂੰ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਪ੍ਰਤੀਤ ਹੋਣ !

ਪਰੰਤੂ ਇਹ ਕਿ ਅਜਿਹਾ ਕੋਈ ਹੁਕਮ ਇਸ ਐਕਟ ਦੇ ਆਰੰਭ ਦੀ ਤਰੀਕ ਤੋਂ ਦੋ ਸਾਲ ਦੀ ਮੁੱਦਤ ਦੇ ਗੁਜ਼ਰਨ ਪਿੱਛੋਂ ਨਹੀਂ ਦਿੱਤਾ ਜਾਵੇਗਾ !

--------------------------